# ਸਟੇਟ ਮਿਡ-ਡੇ-ਮੀਲ ਸੈਲ ਲਈ ਭਰਤੀ
# ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ,
# ਐਸ.ਸੀ.ਓ. 104-106, ਸੈਕਟਰ 34 - ਏ, ਚੰਡੀਗੜ੍ਹ

ਪੰਜਾਬ ਦੇ ਸਾਰੇ ਜ਼ਿਲਿਆਂ ਦੇ ਬਲਾਕਾਂ ਲਈ ਠੇਕੇ ਦੇ ਅਧਾਰ ਤੇ ਯੋਗ ਉਮੀਦਵਾਰਾਂ ਤੋਂ ਬਿਨੈ-ਪੱਤਰ ਹੇਠ ਦਰਸਾਏ ਅਨੁਸਾਰ ਮੰਗੇ ਜਾਂਦੇ ਹਨ :-

| ਲੜੀ ਨੰ. | ਅਸਾਮੀ ਦਾ ਨਾਂ | ਅਸਾਮੀਆਂ ਦੀ ਗਿਣਤੀ | ਪ੍ਰਤਿ ਮਹੀਨਾ ਉੱਕਾ ਪੁੱਕਾ ਮਿਹਨਤਾਨਾ (ਰੁਪਏ) | ਯੋਗਤਾਵਾਂ |
|---|---|---|---|---|
| 1. | ਸਹਾਇਕ ਬਲਾਕ ਮੈ ਨੇਜਰ | 20 | 4500/- + 1000/- (ਸਫਰੀ ਭੱਤਾ) = 5500/- | ਬੀ.ਕਾਮ./ਬੀ. ਬੀ. ਏ. ਸਮੇਤ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ 6 ਮਹੀਨੇ ਦਾ ਕੰਪਿਊਟਰ ਕੋਰਸ |

ਅਸਾਮੀਆਂ ਦੀ ਗਿਣਤੀ ਅਸਲ ਲੋੜ ਦੇ ਅਨੁਸਾਰ ਵੱਧ ਘੱਟ ਸਕਦੀ ਹੈ ।

**ਸ਼ਰਤਾਂ :-**

- ਸਾਰੀਆਂ ਅਸਾਮੀਆਂ ਸ਼ੁਰੂ ਵਿੱਚ ਇੱਕ ਸਾਲ ਲਈ ਠੇਕੇ ਦੇ ਅਧਾਰ ਤੇ ਹਨ, ਜਿਸ ਨੂੰ ਕਿ ਪਦਧਾਰੀ ਦੇ ਕੰਮ ਕਾਜ ਦੇ ਅਧਾਰ ਤੇ ਹਰ ਸਾਲ ਰਿਨੀਊ ਕਰਨ ਲਈ ਵਿਚਾਰਿਆ ਜਾਵੇਗਾ ।
- ਜਿ਼ਨ੍ਹਾਂ ਉਮੀਦਵਾਰਾਂ ਨੇ ਦਸਵੀਂ ਜਾਂ ਉਪੱਰ ਦੇ ਪੱਧਰ ਦੀ ਪੰਜਾਬੀ ਵਿਸ਼ੇ ਵਿੱਚ ਪਾਸ ਕੀਤਾ ਹੋਵੇ, ਕੇਵਲ ਉਹੀ ਬਿਨੈ ਪੱਤਰ ਦੇਣ ਲਈ ਯੋਗ ਹਨ।
- ਵਿੱਦਿਅਕ ਯੋਗਤਾਵਾਂ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ /ਬੋਰਡ/ਸੰਸਥਾ ਤੋਂ ਹੋਣੀਆਂ ਲਾਜ਼ਮੀ ਹਨ।
- ਉਮਰ ਸੀਮਾ :- ਮਿਤੀ 01/01/10 ਨੂੰ 18 ਸਾਲ ਤੋਂ 35 ਸਾਲ ਵਿਚਕਾਰ।
- ਪੰਜਾਬ ਸਰਕਾਰ ਦੀਆਂ ਪਾਲਿਸੀ ਅਨੁਸਾਰ ਆਸਾਮੀਆਂ ਰਾਖਵੀਆਂ ਹੋਣਗੀਆਂ।
- ਨਿਯੁਕਤੀ ਲਈ ਜ਼ਿਲ੍ਹੇ ਅਤੇ ਬਲਾਕ ਲਈ ਤਰਜੀਹ ਸਾਫ ਸਾਫ ਲਿਖੀ ਜਾਵੇ। ਇੱਕ ਵਾਰੀ ਜ਼ਿਲ੍ਹੇ ਲਈ ਦਿੱਤੀ ਤਰਜੀਹ ਵਿੱਚ ਕੋਈ ਬਦਲ ਨਹੀਂ ਕੀਤੀ ਜਾਵੇਗੀ।
- ਪਰ ਪੰਜਾਬ ਰਾਜ ਵਿੱਚ ਕੋਈ ਵੀ ਸਟੇਸ਼ਨ ਅਲਾਟ ਕਰਨ ਲਈ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ ਨੂੰ ਪੂਰਾ ਹੱਕ ਰਾਖਵਾਂ ਹੈ ਅਤੇ ਉਮੀਦਵਾਰ ਨੂੰ ਇਸ ਸਬੰਧੀ ਕਲੇਮ ਦਾ ਕੋਈ ਹੱਕ ਨਹੀਂ ਹੋਵੇਗਾ।

- **ਬਿਨੈ ਪੱਤਰ ਲਈ ਫੀਸ**:- ਚਾਹਵਾਨ ਉਮੀਦਵਾਰ ਵੈਬ ਸਾਈਟ http://recruitment.cdacmohali.in ਰਾਹੀਂ ਆੱਨ ਲਾਈਨ ਬਿਲੈ ਪੱਤਰ ਦੇ ਸਕਦਾ ਹੈ।ਰਜਿਸਟਰੇਸ਼ਨ ਨੰ. ਅਲਾਟ ਕੀਤਾ ਜਾਵੇਗਾ।ਪਹੁੰਚ ਰਸੀਦ ਤੇ ਰੋਲ ਨੰ. /ਐਡਮਿਟ ਕਾਰਡ ਛੱਪ ਜਾਵੇਗਾ।ਚੰਡੀਗੜ੍ਹ ਜਾਂ ਪੰਜਾਬ ਵਿੱਚ ਸਥਿਤ ਸਟੇਟ ਬੈਂਕ ਆਫ ਪਟਿਆਲਾ ਦੀ ਕਿਸੇ ਵੀ ਸ਼ਾਖਾ ਵਿੰਚ ਸੀ ਡੈਕ ਮੋਹਾਲੀ ਦੇ ਬਚਤ ਖਾਤਾ ਨੰ. 65023202930 (Application Fee Account) ਵਿੱਚ (ਬਿਨੈ ਪੱਤਰ ਲਈ ਫੀਸ 250/- ਰੁ. (ਅਨੁਸੂਚਿਤ ਜਾਤੀਆਂ ਲਈ 125) ਜਮਾਂ ਕਰਵਾਈ ਜਾਵੇ।

**ਬਿਨੈ ਪੱਤਰ ਕਿਵੇਂ ਦਿੱਤਾ ਜਾਵੇ**:-

ਸਬੰਧੀ ਮੁਕੰਮਲ ਡਿਟੇਲ ਅਤੇ ਸੂਚਨਾ ਦੀ ਜਾਣਕਾਰੀ ਵੈਬ ਸਾਈਟ http://recruitment.cdacmohali.in ਤੇ ਉਪਲਬਧ ਹੈ।

- ਪੜਤਾਲ ਲਈ ਕਾਗਜਾਤ, ਜਦੋਂ ਲੋੜੀਂਦੇ ਹੋਣ, ਬਿਨੈਕਾਰ ਵਲੋਂ ਪੇਸ਼ ਕਰਨੇ ਹੋਣਗੇ।

ੳ) ਜਨਮ ਮਿਤੀ

ਅ) ਵਿਦਿਅਕ ਯੋਗਤਾਵਾਂ

ੲ) ਪ੍ਰਾਪਤ ਕੀਤੇ ਅੰਕਾਂ ਦਾ ਵੇਰਵਾ

ਸ) ਪੰਜਾਬੀ ਪਾਸ ਦਾ ਸਬੂਤ

ਹ) ਮੌਜੂਦਾ ਰਿਹਾਇਸ਼ ਦਾ ਸਬੂਤ

ਕ) (ਪੰਜਾਬ ਸਰਕਾਰ ਦੀ ਮੌਜੂਦਾ ਰਾਖਵਾਂਕਰਣ ਦੀ ਪਾਲਸੀ ਅਨੁਸਾਰ) ਉਮੀਦਵਾਰ ਜਿਸ ਸ੍ਰੇਣੀ ਨਾਲ ਸਬੰਧਤ ਹੈ, ਦਾ ਸਬੂਤ

ਖ) ਪਾਸਪੋਰਟ ਸਾਈਜ਼ ਦੀਆਂ ਦੋ ਫੋਟੋਆਂ

ਗ) ਬਿਨੈ ਪੱਤਰ ਲਈ ਫੀਸ ਜਮਾਂ ਕਰਵਾਉਣ ਸਬੰਧੀ ਬੈਂਕ ਦੀ ਰਸੀਦ

**ਹਦਾਇਤਾਂ**:-

(i) ਮਿਤੀ 12.07.2010 ਤੋਂ 26.07.2010 ਵਿਚਕਾਰ ਸ਼ਾਮ ਨੂੰ 5 ਵਜੇ ਤੱਕ ਉਮੀਦਵਾਰ ਨੇ ਵੈਬ ਸਾਈਟ http://recruitment.cdacmohali.in ਤੇ ਆਨ ਲਾਈਨ ਬਿਨੈ ਪੱਤਰ ਦੇਣਾ ਹੈ ਅਤੇ ਆਪਣਾ ਫਾਰਮ ਕੰਮਪਿਊਟਰ ਤੇ ਖੁਦ ਬਣਾਉਣਾ ਹੈ। ਜਿਉਂ ਹੀ ਰੋਲ ਨੰ. ਛੱਪ ਜਾਵੇ ਤਾਂ ਉਮੀਦਵਾਰ ਵਲੋਂ ਫਾਰਮ ਦਾ ਪ੍ਰਿੰਟ ਲੈਣਾ ਹੋਵੇਗਾ।ਫਾਰਮ ਤੇ ਤਾਜਾ ਫੋਟੋ ਚਿਪਕਾ ਕੇ ਨੋਟਰੀ ਜਾਂ ਕਿਸੇ ਗਜ਼ਟਿਡ ਅਧਿਕਾਰੀ ਤੋਂ ਤਸਦੀਕ

ਕਰਵਾਉਣਾ ਹੈ। ਪ੍ਰੀਖਿਆ ਵਿੱਚ ਬੈਠਣ ਲਈ ਇਹੀ ਰੋਲ ਨੰ. ਸਲਿਪ ਦੇ ਤੌਰ ਤੇ ਵਰਤਿਆ ਜਾਵੇਗਾ ।

(ii) ਕਿਸੇ ਉਮੀਦਵਾਰ ਵਲੋਂ ਫੀਸ ਨਾ ਜਮਾਂ ਕਰਾਉਣ ਦੀ ਸੂਰਤ ਵਿੱਚ ਉਸ ਦੀ ਉਮੀਦਵਾਰੀ ਆਪਣੇ ਆਪ ਰੱਦ ਹੋ ਜਾਵੇਗੀ ਅਤੇ ਅਗਲੀ ਕਾਰਵਾਈ ਲਈ ਵਿਚਾਰਿਆ ਨਹੀਂ ਜਾਵੇਗਾ।

(iii) ਭਰਤੀ ਨਿਰੋਲ ਮੈਰਿਟ ਕੀਤੀ ਜਾਵੇਗੀ ਅਤੇ ਇੰਟਰਵਿਊ ਦੇ ਕੋਈ ਨੰਬਰ ਨਹੀਂ ਹੋਣਗੇ। ਲਿਖਤੀ ਪ੍ਰੀਖਿਆ ਮਿਤੀ 22.08.2010 ਨੂੰ ਸਮਾਂ 11.00 ਵਜੇ ਸਵੇਰੇ ਤੋਂ 12.00 ਵਜੇ ਦੁਪਹਿਰ ਤੱਕ ਪ੍ਰੀਖਿਆ ਕੇਂਦਰ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਸੰਗਰੂਰ ਅਤੇ ਐਸ.ਏ.ਐਸ ਨਗਰ ਵਿਖੇ ਹੋਵੇਗੀ।

(iv) ਵੈਬ ਸਾਈਟ ਤੇ ਉਪਰੋਕਤ 6 ਥਾਵਾਂ ਦੇ ਪ੍ਰੀਖਿਆ ਕੇਂਦਰ ਪਾਏ ਜਾਣਗੇ। ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਭਾਵ ਸਵੇਰੇ 10 ਵਜੇ ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰਾਂ ਵਿੱਚ ਪਹੁੰਚਣਾ ਲਾਜ਼ਮੀ ਹੈ।

(v) ਪ੍ਰੀਖਿਆ ਕੇਂਦਰ ਵਿੱਚ ਉਮੀਦਵਾਰਾਂ ਨੂੰ ਮੂਲ ਰੂਪ ਵਿੱਚ ਰਜਿਸਟਰੇਸ਼ਨ ਸਲਿਪ ਜਿਸ ਤੇ ਰੋਲ ਨੰ. ਲਿਖਿਆ ਹੋਵੇ ਅਤੇ ਇੱਕ ਫੋਟੋ ਚਿਪਕਾਈ ਹੋਈ ਹੋਵੇ ਅਤੇ ਨੋਟਰੀ ਜਾਂ ਗਜ਼ਟਿਡ ਅਧਿਕਾਰੀ ਵਲੋਂ ਤਸਦੀਕ ਹੋਵੇ, ਪੇਸ਼ ਕਰਨਾ ਜ਼ਰੂਰੀ ਹੈ। ਕਿਸੇ ਵੀ ਉਮੀਦਵਾਰ ਨੂੰ ਰੋਲ ਨੰ. ਸਲਿਪ ਤੋਂ ਬਿਨਾਂ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

(vi) ਉਮੀਦਵਾਰ ਨੂੰ ਕੋਈ ਬਿਨੈ ਪੱਤਰ ਜਾਂ ਕੋਈ ਹੋਰ ਕਾਗਜਾਤ ਭੇਜਣ ਦੀ ਲੋੜ ਨਹੀਂ ਹੈ। ਇਸ ਅਸਾਮੀ ਲਈ ਸਾਰੀਆਂ ਯੋਗਤਾਵਾਂ ਸਬੰਧੀ ਸ਼ਰਤਾਂ ਦੀ ਪੂਰਤੀ ਬਾਰੇ ਉਮੀਦਵਾਰ ਵਲੋਂ ਖੁਦ ਤਸਦੀਕ ਕਰਨਾ ਹੈ। ਪ੍ਰੀਖਿਆ ਵਿੱਚ ਬੈਠਣ ਅਤੇ ਪ੍ਰੀਖਿਆ ਪਾਸ਼ ਕਰਨ ਨਾਲ ਉਮੀਦਵਾਰ ਹੋਵੇਗਾ। ਅਸਾਮੀ ਤੇ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਅਸਾਮੀ ਲਈ ਉਮੀਦਵਾਰ ਵਲੋਂ ਅਸਾਮੀ ਲਈ ਯੋਗ ਪਾਏ ਜਾਣ ਤੇ ਹੀ ਚੋਣ ਨਿਰਭਰ ਕਰੇਗੀ। ਕਾਊਸਲਿੰਗ/ ਭਰਤੀ ਦੌਰਾਨ ਕਾਗਜ਼ਾਤਾਂ ਦੀ ਪੜਤਾਲ ਕੀਤੀ ਜਾਵੇਗੀ। ਉਮੀਦਵਾਰ ਦੇ ਸ੍ਰੇਣੀ, ਯੋਗਤਾ ਸਬੰਧੀ ਪਾਸ ਕੀਤੀ ਪ੍ਰੀਖਿਆ, ਉਮਰ, ਪਹਿਚਾਣ ਸਬੰਧੀ ਭਿੰਨ-ਭਿੰਨ ਕਾਗਜ਼ਾਤ ਦੀ ਪੜਤਾਲ ਕਰਨਾ ਹੀ ਇਸ ਦਾ ਮੰਤਵ ਹੈ। ਕਿਸੇ ਵੀ ਕਾਗਜ਼ਾਤ ਨੂੰ ਪੇਸ਼ ਨਾ ਕੀਤੇ ਜਾਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਭਰਤੀ ਲਈ

ਵਿਚਾਰਿਆ ਨਹੀਂ ਜਾਵੇਗਾ ਅਤੇ ਉਹ ਫੌਜਦਾਰੀ ਕਾਰਵਾਈ ਲਈ ਭਾਗੀ ਹੋਵੇਗਾ।

(vii) ਪ੍ਰਸਨ ਪੱਤਰ ਓ.ਐਮ.ਆਰ ਸ਼ੀਟ ਤੇ ਮਲਟੀਪਲ ਚਾਇਸ ਵਾਲੇ 100 ਸਵਾਲ ਆਬਜੈਕਟਿਵ ਟਾਈਪ (100 ਅੰਕ) ਵਾਲੇ ਹੋਣਗੇ , ਜ਼ਿਨ੍ਹਾਂ ਦਾ ਢੁੱਕਵੇਂ ਮਿਆਰ ਦਾ ਹਰੇਕ ਸਵਾਲ ਦਾ ਇੱਕ ਸਹੀ ਜਵਾਬ ਦੇਣਾ ਹੋਵੇਗਾ। ਪੇਪਰ ਇੱਕ ਘੰਟੇ ਦਾ ਹੋਵੇਗਾ ਅਤੇ ਹਰ ਗਲਤ ਜਵਾਬ ਦਾ 1/4 ਅੰਕ ਕੱਟ ਲਿਆ ਜਾਵੇਗਾ।

(viii) ਉਮੀਦਵਾਰ ਨੂੰ ਆਪਣਾ ਨੀਲਾ ਜਾਂ ਕਾਲਾ ਬਾਲ ਪੈਨ ਨਾਲ ਲਿਆਉਣਾ ਜ਼ਰੂਰੀ ਹੈ । ਪ੍ਰੀਖਿਆ ਭਵਨ ਵਿੱਚ ਪੁਸਤਕਾਂ, ਲਿਖਤੀ ਨੋਟ, ਕੈਲਕੁਲੇਟਰ, ਮੋਬਾਈਲ ਫੋਨ ਅਤੇ ਹੋਰ ਬਿਜਲੀ ਦੇ ਉਪਕਰਨ ਨਾਲ ਲੈ ਕੇ ਆਉਣ ਦੀ ਮਨਾਹੀ ਹੋਵੇਗੀ।

(ix) **ਉਮੀਦਵਾਰ ਲਗਾਤਾਰ ਬੈਵ-ਸਾਈਟ ਵੇਖਦੇ ਰਹਿਣ**

**ਅਤੀ ਜ਼ਰੂਰੀ** :-

ਇਸ ਭਰਤੀ ਦੀ ਕਾਰਵਾਈ ਸਬੰਧੀ ਜੇਕਰ ਕੋਈ ਵੀ ਵਿਅਕਤੀ ਜਾਂ ਭਰਤੀ ਨਾਲ ਸਬੰਧਤ ਅਧਿਕਾਰੀ ਜਿਸ ਨਾਲ ਪ੍ਰਸ਼ਨ ਪੱਤਰ ਦੀ ਲੀਕੇਜ ਜਾਂ ਨਕਲ ਕਰਨ ਵਿੱਚ ਯਤਨ ਜਾਂ ਮਦਦ ਕਰਦਾ ਪਾਇਆ ਗਿਆ ਤਾਂ ਉਹ ਇੰਡੀਅਨ ਪੀਨਲ ਕੋਡ ਦੇ ਤਹਿਤ ਕਾਨੂੰਨੀ ਕਾਰਵਾਈ ਦਾ ਭਾਗੀਦਾਰ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ**